**International Journal of Multidisciplinary Research and Development**
**Online ISSN: 2349-4182 Print ISSN: 2349-5979**
**www.allsubjectjournal.com**
**Volume 2; Issue 12; December 2015; Page No. 271-273**

# ਪੰਜਾਬੀ ਨਾਵਲ: ਆਰੰਭ ਤੇ ਵਿਕਾਸ

**ਡਾ. ਸੁਖਜੀਤ ਸਿੰਘ**

ਸਹਾਇਕ ਪ੍ਰੋਫੈਸਰ ਪੰਜਾਬ ਯੂਨੀਵਰਸਿਟੀ ਕਾਨਸੀਚਿਉਟ ਕਾਲਜ, ਸਿੱਖਵਾਲਾ, ਸ੍ਰੀ ਮੁਕਤਸਰ ਸਾਹਿਬ

## Introduction

ਸਾਹਿਤ ਮਨੁੱਖੀ ਜ਼ਿੰਦਗੀ ਦੇ ਯਥਾਰਥ ਨੂੰ ਸੁਹਜਾਤਮਿਕ ਰੂਪ ਵਿੱਚ ਪ੍ਰਗਟਾਉਣ ਦਾ ਹੀ ਦੂਸਰਾ ਨਾਂ ਹੈ। ਸਮੇਂ ਦੇ ਪ੍ਰਸੰਗ ਵਿੱਚ ਸਾਹਿਤ ਦੇ ਪ੍ਰਗਟਾਅ ਮਾਧਿਅਮ ਬਦਲਦੇ ਰਹਿੰਦੇ ਹਨ। ਇਹ ਨਹੀਂ ਕਿ ਕੋਈ ਰੂਪ ਛੱਡ ਕੇ ਸਾਹਿਤ ਕੋਈ ਹੋਰ ਰੂਪ ਚੁਣ ਲੈਂਦਾ ਸਗੋਂ ਸਮੇਂ ਦੇ ਪ੍ਰਸੰਗ ਵਿੱਚ ਅੱਡ-ਅੱਡ ਸਾਹਿਤ ਰੂਪਾਂ ਪ੍ਰਤੀ ਲੋਕਾਂ ਦੀ ਸਵਕ੍ਰਿਤੀ ਬਦਲਦੀ ਰਹਿੰਦੀ ਹੈ। ਮੱਧਕਾਲ ਵਿੱਚ ਜਿੱਥੇ ਕਿੱਸੇ, ਵਾਰ ਜਾਂ ਕਾਫੀ ਦਾ ਬੋਲਬਾਲਾ ਰਿਹਾ ਉਥੇ ਹੀ ਅੱਜ ਦੇ ਯੁੱਗ ਵਿੱਚ ਇਸਦੀ ਥਾਂ ਗਲਪ ਵਿਧਾ ਨੇ ਲੈ ਲਈ। ਅੱਜ ਦਾ ਯੁੱਗ ਪੂੰਜੀਵਾਦੀ ਯੁੱਗ ਹੈ। ਮਨੁੱਖ ਨੇ ਥੋੜ੍ਹੇ ਸਮੇਂ ਵਿਚ ਬਹੁਤ ਸਾਰੀ ਤਰੱਕੀ ਕਰ ਲਈ ਹੈ। ਵਿਗਿਆਨਕ ਕਾਢਾਂ ਨੇ ਮਨੁੱਖ ਨੂੰ ਹਨ੍ਹੇਰੇ ਦੀ ਜ਼ਿੰਦਗੀ ਵਿੱਚੋਂ ਕੱਢ ਕੇ ਚਾਨਣੇ ਰਾਹਾਂ 'ਤੇ ਪਾ ਦਿੱਤਾ, ਜਿਸਦੀ ਬਦੌਲਤ ਮਨੁੱਖੀ ਜ਼ਿੰਦਗੀ ਦਾ ਪੂਰਾ ਮੁਹਾਂਦਰਾ ਹੀ ਬਦਲ ਗਿਆ। ਮਨੁੱਖ ਦੀਆਂ ਲੋੜਾਂ ਰਹਿਣੀ-ਬਹਿਣੀ ਸਭ ਵਿਚ ਪਰਿਵਰਤਨ ਆ ਗਿਆ। ਇਸੇ ਪਰਿਵਰਤਨ ਤਹਿਤ ਸਮਾਜਿਕ ਜੀਵਨ ਵੀ ਬਦਲ ਗਿਆ। ਇਹਨਾਂ ਕਾਰਨਾਂ ਕਰਕੇ ਮਨੁੱਖ ਦੀਆਂ ਰੁਚੀਆਂ ਵਿੱਚ ਵੀ ਬਦਲਾਵ ਆ ਗਿਆ। ਸਾਹਿਤ ਦੇ ਪੁਰਾਣੇ ਰੂਪਾਂ ਦੀ ਥਾਂ ਨਵੇਂ ਰੂਪਾਂ ਨੇ ਲੈਣੀ ਸ਼ੁਰੂ ਕਰ ਦਿੱਤੀ। ਅਜੋਕੇ ਯੁੱਗ ਵਿੱਚ ਨਾਵਲ, ਕਹਾਣੀ, ਸਫ਼ਰਨਾਮਾ ਵਰਗੇ ਸਾਹਿਤ ਰੂਪ ਬਹੁਤ ਸਾਰੀਆਂ ਸੰਭਾਵਨਾਵਾਂ ਸਮੇਤ ਪੇਸ਼ ਹੋਏ ਹਨ। ਇਹਨਾਂ ਸਭ ਰੂਪਾਂ ਵਿੱਚੋਂ ਨਾਵਲ ਸਾਹਿਤ ਦਾ ਅਜਿਹਾ ਰੂਪ ਹੈ ਜੋ ਸਮਾਜਿਕ ਜ਼ਿੰਦਗੀ ਦੇ ਯਥਾਰਥ ਨੂੰ ਜਿਆਦਾ ਚੰਗੀ ਤਰ੍ਹਾਂ ਪੇਸ਼ ਕਰਨ ਦੇ ਸਮਰੱਥ ਹੈ। ਨਾਵਲ ਨੇ ਆਪਣੇ ਵਿਸ਼ੇ ਖੇਤਰ ਵਿੱਚ ਸਮਾਜਿਕ, ਸੱਭਿਆਚਾਰਕ, ਕਾਨੂੰਨੀ, ਰਾਜਨੀਤੀ, ਧਰਮ, ਆਰਥਿਕਤਾ, ਇਤਿਹਾਸ ਗੱਲ ਕੀ ਸਮਾਜ ਦੇ ਹਰ ਮੁੱਦੇ ਨੂੰ ਸਥਾਨ ਦਿੱਤਾ ਹੈ ਪਰ ਇਸ ਸਭ ਦੇ ਬਾਵਜੂਦ ਅਸੀਂ ਮਨੁੱਖੀ ਜ਼ਿੰਦਗੀ ਤੇ ਨਾਵਲ ਨੂੰ ਰੱਲਗੱਡ ਨਹੀਂ ਕਰ ਸਕਦੇ। ਚਾਹੇ ਨਾਵਲ ਇਸ ਸਮਾਜ ਦੀ, ਇਸ ਸੰਸਾਰ ਦੀ ਪੇਸ਼ਕਾਰੀ ਕਰਦਾ ਹੈ ਪਰ ਫਿਰ ਵੀ ਇਸਦਾ ਆਪਣਾ ਵੱਖਰਾ ਸੰਸਾਰ ਹੈ ਜੋ ਮਨੁੱਖੀ ਜੀਵਨ ਤੋਂ ਅਲੱਗ ਹੈ। ਇਸੇ ਸੰਦਰਭ ਵਿਚ ਡਾ. ਹਰਿਭਜਨ ਸਿੰਘ ਲਿਖਦਾ ਹੈ:

> ''ਵਾਸਤਵਿਕ ਜਗਤ ਨਾ 'ਗਲਪ' ਨਾ 'ਨਾਵਲ' ਨਾ ਬਿਰਤਾਂਤ, ਵਾਸਤਵਿਕਤਾ ਤੇ ਗਲਪ: ਇੱਕ ਦੂਜੇ ਵਰਗੀਆਂ ਹੁੰਦੀਆਂ ਹੋਈਆਂ ਵੀ ਇੱਕ ਦੂਜੇ ਤੋਂ ਵੱਖਰੀਆਂ ਹਨ।''[1]

ਇਸ ਤਰ੍ਹਾਂ ਨਾਵਲ ਅਤੇ ਸਮਾਜਿਕ ਜੀਵਨ ਵੱਖਰੇ ਹੋਣ ਦੇ ਬਾਵਜੂਦ ਵੀ ਇੱਕ ਦਵੰਦਾਤਮਕ ਰਿਸ਼ਤੇ ਵਿੱਚ ਬੱਝੇ ਹੋਏ ਹਨ। ਨਾਵਲ ਸਮਾਜੀ ਜੀਵਨ ਦੀ ਪੇਸ਼ਕਾਰੀ ਕਰਦਾ ਹੈ ਪਰੰਤੂ ਇਹ ਹੂ-ਬ-ਹੂ ਪੇਸ਼ਕਾਰੀ ਨਹੀਂ ਹੁੰਦੀ। ਇਸ ਵਿੱਚ ਕੁਝ ਕਾਲਪਨਿਕ ਅੰਸ਼ ਜੁੜੇ ਹੋ ਸਕਦੇ ਹਨ ਜਾਂ ਇਸ ਵਿੱਚ ਵੱਖ-ਵੱਖ ਘਟਨਾਵਾਂ ਦਾ ਕਿਸੇ ਇੱਕ ਸਥਾਨ 'ਤੇ ਮੇਲ ਹੋ ਸਕਦਾ ਹੈ ਤੇ ਸਭ ਤੋਂ ਵੱਡੀ ਗੱਲ ਇਸ ਵਿੱਚ ਲੇਖਕ ਦੀ ਆਪਣੀ ਸੋਚ ਸ਼ਾਮਿਲ ਹੁੰਦੀ ਹੈ। ਇਹ ਸਭ ਤੱਤ ਮਿਲ ਕੇ ਨਾਵਲ ਤੇ ਜ਼ਿੰਦਗੀ ਵਿੱਚ ਵਖਰੇਵਾਂ ਪੈਦਾ ਕਰ ਦਿੰਦੇ ਹਨ। ਜੇ ਅਸੀਂ ਇਹ ਮੰਨ ਵੀ ਲਈਏ ਕਿ ਕਿਸੇ ਕਾਰਜ ਵਿੱਚ ਮਨੁੱਖੀ ਜ਼ਿੰਦਗੀ ਦਾ ਹੂ-ਬ-ਹੂ ਵਰਣਨ ਮਿਲਦਾ ਹੈ ਤਾਂ ਉਥੇ ਵੀ ਇੱਕ ਵਸਤ ਗਾਇਬ ਹੁੰਦੀ ਹੈ ਤੇ ਉਹ ਹੈ 'ਸੰਦਰਭ'। ਘਟਨਾਵਾਂ ਤਾਂ ਆਪਸ ਵਿੱਚ ਮੇਲ ਖਾ ਸਕਦੀਆਂ ਹਨ ਪਰ ਇਹ ਬਿਲਕੁਲ ਜ਼ਰੂਰੀ ਨਹੀਂ ਹੁੰਦਾ ਕਿ ਕਿਸੇ ਨਾਵਲ ਵਿੱਚ ਵੀ ਉਹ ਉਸੇ ਸੰਦਰਭ ਵਿੱਚ ਪੇਸ਼ ਹੋਣ ਜਿਸ ਸੰਦਰਭ ਵਿੱਚ ਮਨੁੱਖੀ ਜ਼ਿੰਦਗੀ ਵਿੱਚ ਪੇਸ਼ ਹੁੰਦੀਆਂ ਹਨ।

ਨਾਵਲ ਇੱਕ ਲੰਮੀ ਗਦ ਕਥਾ ਦੇ ਰੂਪ ਵਿੱਚ ਯਥਾਰਥ ਦੇ ਚਿਤਰਣ ਨਾਲ ਸੰਬੰਧਿਤ ਸੰਭਾਵਨਾਵਾਂ ਵਾਲਾ ਰੂਪ ਹੈ। ਵਸਤੂ ਜੀਵਨ ਦੀ ਵਾਸਤਵਿਕਤਾ ਦੇ ਨਾਲ ਨੇੜੇ ਦਾ ਨਾਤਾ ਇਸਦੀ ਹੋਂਦ ਦਾ ਮੂਲ ਸੂਤਰ ਹੈ। ਜੋਗਿੰਦਰ ਸਿੰਘ ਰਾਹੀ ਇਸ ਬਾਰੇ ਕਹਿੰਦਾ ਹੈ, ''ਰਚਨਾ ਖਲਾਅ ਵਿੱਚੋਂ ਨਹੀਂ ਰਗੜ ਵਿੱਚੋਂ ਉਪਜਦੀ ਹੈ.... ਵਾਤਾਵਰਨ ਦੀ ਰਗੜ ਵਿੱਚੋਂ।''[2] ਇਸ ਟਿੱਪਣੀ ਦੇ ਸੰਦਰਭ ਵਿੱਚ ਵੇਖੀਏ ਤਾਂ ਨਾਵਲ ਸਾਹਿਤ ਦਾ ਅਜਿਹਾ ਰੂਪ ਹੈ ਜਿਸਦੀ ਉਤਪਤੀ ਸਮਾਜ ਵਿੱਚੋਂ, ਸਮਾਜ ਲਈ ਅਤੇ ਸਮਾਜ ਦੁਆਰਾ ਕੀਤੀ ਗਈ ਹੈ। ਨਾਵਲ ਕਲਪਨਾ ਨਾਲ ਭਰਪੂਰ ਹੁੰਦਾ ਹੋਇਆ ਵੀ ਕਾਲਪਨਿਕ ਰੂਪ ਨਹੀਂ ਹੈ। ਨਾਵਲ ਦੇ ਵੇਰਵੇ ਜ਼ਰੂਰ ਹੀ ਸਮਾਜ ਵਿੱਚ ਕਿਤੇ ਨਾ ਕਿਤੇ ਪਏ ਹੋਣਗੇ। ਇਹ ਸਾਡੇ ਸਮਾਜ ਦੀ ਸੋਚ ਨੂੰ ਨਿਰਧਾਰਤ ਕਰਦਾ ਹੈ। ਰਾਜਸੀ ਚੇਤਨਾ ਦਾ ਤੱਤ ਨਾਵਲ ਦੇ ਹਰ ਇੱਕ ਰੂਪ ਵਿੱਚ ਮੌਜੂਦ ਰਹਿੰਦਾ ਹੈ।

ਭਾਰਤ ਵਿੱਚ ਨਾਵਲ ਦਾ ਆਰੰਭ ਚਾਹੇ ਉਨੀਂਵੀ ਸਦੀ ਦੇ ਦੂਜੇ ਦਹਾਕੇ ਵਿੱਚ ਹੋ ਗਿਆ ਸੀ ਪਰ ਸਹੀ ਮਾਇਨਿਆਂ ਵਿੱਚ ਇਹ ਵੀਹਵੀਂ ਸਦੀ ਦੇ ਆਰੰਭ ਵਿੱਚ ਜੋਰ ਪਕੜਦਾ ਹੈ। ਭਾਰਤ ਵਿਚ ਨਾਵਲ ਮੱਧ ਵਰਗ ਦੇ ਹੱਥਾਂ ਵਿਚ ਪ੍ਰਫੁੱਲਤ ਹੋਇਆ। ਨਾਵਲ ਦੇ ਮੁੱਢਲੇ ਦੌਰ ਸਮੇਂ ਇਸ ਵਿੱਚ ਦੋਹਰੀ ਚੇਤਨਾ ਦਾ ਪਾਸਾਰ ਹੋ ਰਿਹਾ ਸੀ। ਇੱਕ ਪਾਸੇ ਇਹ ਆਪਣੀਆਂ ਪਰੰਪਰਾਗਤ ਰੂੜ੍ਹੀਆਂ ਨਾਲ ਜੁੜਿਆ ਹੋਇਆ ਸੀ ਦੂਜੇ ਪਾਸੇ ਨਾਵਲ ਕਿਉਂਕਿ ਪੱਛਮੀ ਪ੍ਰਭਾਵ ਅਧੀਨ ਹੋਂਦ ਗ੍ਰਹਿਣ ਕਰਦਾ ਹੈ। ਇਸ ਲਈ ਇਹ ਪੱਛਮੀ ਵਿਚਾਰਾਂ ਤੇ ਤਕਨੀਕਾਂ ਨੂੰ ਵੀ ਅਪਨਾਉਂਦਾ ਹੈ। ''ਭਾਰਤੀ ਨਾਵਲ ਰੂਪ ਚੇਤਨਾ ਪੱਖੋਂ ਤਾਂ ਭਾਵੇਂ ਪੱਛਮੀ ਨਾਵਲ ਤੋਂ ਪ੍ਰੇਰਨਾ ਗ੍ਰਹਿਣ ਕਰਦਾ ਹੈ ਪਰੰਤੂ ਭਾਰਤ ਦੀਆਂ ਵਿਸ਼ੇਸ਼ ਇਤਿਹਾਸਕ ਹਾਲਤਾਂ ਅਧੀਨ ਇਹ ਆਪਣੀ ਪਰੰਪਰਕ ਬਿਰਤਾਂਤਕ-ਚੇਤਨਾ ਅਤੇ ਉਹਨਾਂ ਦੇ ਸੁਹਜਾਤਮਕ ਮਾਡਲਾਂ ਵਿਚਲੀਆਂ ਕਲਾਤਮਕ ਜੁਗਤਾਂ ਤੇ ਰੂੜ੍ਹੀਆਂ ਨਾਲ ਜੁੜਦਾ ਹੋਇਆ ਇੱਕ ਵਿਲੱਖਣ ਹੋਂਦ ਇਖ਼ਤਿਆਰ ਕਰਦਾ ਹੈ।''[3]

ਪੰਜਾਬੀ ਦੇ ਮੁੱਢਲੇ ਨਾਵਲਾਂ ਵਿੱਚ ਜਿਸ ਚੇਤਨਾ ਦਾ ਪਾਸਾਰ ਹੋਇਆ, ਉਹ ਧਾਰਮਿਕ ਚੇਤਨਾ ਸੀ। ਇੱਕ ਪਾਸੇ ਈਸਾਈ ਮਿਸ਼ਨਰੀਆਂ ਦੁਆਰਾ ਆਪਣੇ ਧਰਮ ਦੇ ਪ੍ਰਚਾਰ ਲਈ ਵੱਖ-ਵੱਖ ਢੰਗ ਤਰੀਕੇ ਅਪਣਾਏ ਜਾ ਰਹੇ ਸਨ। ਉਹਨਾਂ ਆਪਣੇ ਧਰਮ ਪ੍ਰਚਾਰ ਦਾ ਇੱਕ ਮਾਧਿਅਮ ਸਾਹਿਤ ਨੂੰ ਚੁਣਿਆ। ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿੱਚੋਂ ਸਭ ਤੋਂ ਵੱਧ ਤਰਜੀਹ ਨਾਵਲ ਨੂੰ ਮਿਲੀ ਕਿਉਂਕਿ ਨਾਵਲ ਰਾਹੀਂ ਆਪਣੀ ਗੱਲ ਸੌਖਿਆ ਲੋਕਾਂ ਤੱਕ ਪਹੁੰਚਾਈ ਜਾ ਸਕਦੀ ਸੀ। ਇਸ ਲਈ ਈਸਾਈ ਮਿਸ਼ਨਰੀਆਂ ਨੇ ਧਰਮ ਪ੍ਰਚਾਰ ਲਈ ਨਾਵਲ ਨੂੰ ਮਾਧਿਅਮ ਬਣਾਇਆ ਤਾਂ ਹਿੰਦੁਸਤਾਨੀਆਂ ਨੇ ਈਸਾਈਆਂ ਦੇ ਇਸ ਤਰਾਂ ਕੀਤੇ ਜਾ ਰਹੇ ਧਰਮ ਪ੍ਰਚਾਰ ਦਾ ਵਿਰੋਧ ਵੀ ਸਾਹਿਤ ਦੇ ਰਾਹੀਂ ਹੀ ਕੀਤਾ। ਵੱਖ-ਵੱਖ ਧਾਰਮਿਕ ਸੰਸਥਾਵਾਂ ਨੇ ਆਪਣੇ ਧਰਮ ਦੀ ਸ੍ਰੇਸ਼ਠਤਾ ਦਰਸਾਉਣ ਲਈ ਆਪੋ ਆਪਣੀਆਂ ਭਾਸ਼ਾਵਾਂ ਵਿੱਚ ਸਾਹਿਤ ਰਚਨਾ ਸ਼ੁਰੂ ਕੀਤੀ ਜਿਸ ਵਿੱਚ ਉਹਨਾਂ ਦੇ ਧਰਮ ਦੀ ਮਹੱਤਤਾ ਨੂੰ ਦਰਸਾਇਆ ਜਾ ਸਕੇ। ਸਿੱਖਾਂ ਲਈ ਇਸ ਕਿਸਮ ਦੀ ਲਹਿਰ ਦੀ ਅਗਵਾਈ 'ਸਿੰਘ ਸਭਾ ਲਹਿਰ' ਨੇ ਕੀਤੀ। ਉਹਨਾਂ ਨੇ ਸਿੱਖ ਧਰਮ ਦੀ ਪ੍ਰਤੀਸਿਠਾ ਨੂੰ ਕਾਇਮ ਰੱਖਣ, ਆਪਣੀ ਸੰਸਕ੍ਰਿਤੀ ਨਾਲ ਜੁੜੇ ਰਹਿਣ ਅਤੇ ਅੰਗਰੇਜਾਂ ਵਿਰੁੱਧ ਸੰਘਰਸ਼ ਦੇ ਮੰਤਵ ਨੂੰ ਪੰਜਾਬੀ ਦੇ ਮੁੱਢਲੇ ਨਾਵਲ ਵਿੱਚ ਪੇਸ਼ ਕੀਤਾ। ਈਸਾਈ ਮਿਸ਼ਨਰੀਆਂ ਨੇ ਜਾਹਨ ਬਨੀਅਨ ਦੇ ਨਾਵਲ 'ਪਿਲਗ੍ਰਿਮ ਪ੍ਰੋਗੈਰਸ' ਦਾ ਅਨੁਵਾਦ 'ਯਸੂਈ ਮੁਸਾਫਿਰ ਦੀ ਯਾਤਰਾ' ਦੇ ਨਾਮ ਹੇਠ 1844 ਈ. ਵਿੱਚ ਕੀਤਾ। ਇਸ ਨਾਵਲ ਵਿੱਚ ਵੀ ਪਹਿਲੇ ਨਾਵਲ ਵਾਂਗ ਜਿਥੇ ਈਸਾਈ ਮਤ ਦੀ ਵਡਿਤਣ ਨੂੰ ਪੇਸ਼ ਕੀਤਾ ਗਿਆ ਉਥੇ ਹੀ ਹਿੰਦੂ ਧਰਮ ਦੇ ਪਛੜੇਪਨ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਨਾਵਲ ਦਾ ਮੰਤਵ ਵੀ ਹਿੰਦੂ ਸੰਸਕ੍ਰਿਤੀ ਤੇ ਧਾਰਮਿਕ ਕਰਮਕਾਡਾਂ ਦੇ ਮੁਕਾਬਲੇ ਈਸਾਈ ਧਰਮ ਦੀ ਪ੍ਰਤਿਸ਼ਠਾ ਨੂੰ ਬਰਕਰਾਰ ਕਰਨਾ ਸੀ। ਇਹ ਦੋਵੇ ਨਾਵਲ ਇੱਕ ਵਿਸ਼ੇਸ਼ ਮਕਸਦ ਤਹਿਤ ਹੋਂਦ ਵਿੱਚ ਆਏ ਸਨ। ਜਿਥੇ ਇਹਨਾਂ ਦਾ ਮਕਸਦ ਲੋਕਾਂ ਦੇ ਦਿਲਾਂ ਵਿੱਚ ਈਸਾਈ ਧਰਮ ਪ੍ਰਤੀ ਸਾਰਥਕ ਚੇਤਨਾ ਦਾ ਪਾਸਾਰ ਕਰਨਾ ਸੀ ਉਥੇ ਹੀ ਇਹ ਹਿੰਦੂ ਤੇ ਸਿੱਖ ਧਰਮ ਨੂੰ ਢਾਹ ਲਾ ਰਹੇ ਸਨ। ਇਹਨਾਂ ਦੋ ਨਾਵਲਾਂ ਦੀ ਮਹੱਤਤਾ ਬਾਰੇ ਦੱਸਦੇ ਹੋਏ ਡਾ. ਜੋਗਿੰਦਰ ਸਿੰਘ ਰਾਹੀ ਕਹਿੰਦੇ ਹਨ, ''ਇਹ ਦੋ ਨਾਵਲ ਈਸਾਈ ਮਿਸ਼ਨਰੀਆਂ ਦੁਅਰਾ ਪੰਜਾਬੀ ਵਿੱਚ ਰਚੀ ਗਈ ਗਲਪ ਪਿੱਛੇ ਖਲੋਤੀ ਸੋਚ ਦੀਆਂ ਪ੍ਰਤੀਨਿਧ ਰਚਨਾਵਾਂ ਹਨ।''[4] ਈਸਾਈ ਮਿਸ਼ਨਰੀਆਂ ਦੁਆਰਾ ਰਚੇ ਅਜਿਹੇ ਸਾਹਿਤ ਨੇ ਪੰਜਾਬ ਦੀਆਂ ਧਾਰਮਿਕ ਲਹਿਰਾਂ ਦੇ ਪੁਨਰ

ਉਥਾਨ ਦਾ ਕੰਮ ਕੀਤਾ। ਹਰੇਕ ਧਰਮ ਦੇ ਬਾਸ਼ਿੰਦੇ ਆਪਣੇ ਧਰਮਾਂ ਨੂੰ ਲੱਗ ਰਹੀ ਢਾਹ ਨੂੰ ਰੋਕਣ ਲਈ ਯਤਨਸ਼ੀਲ ਹੋ ਗਏ। ਸਿੱਖਾਂ ਲਈ ਇਹ ਕੰਮ ਸਿੰਘ ਸਭਾ ਲਹਿਰ ਨੇ ਕੀਤਾ। ਭਾਈ ਵੀਰ ਸਿੰਘ, ਸਿੰਘ ਸਭਾ ਲਹਿਰ ਦੀ ਉਪਜ ਸਨ। ਉਹਨਾਂ ਨੇ ਈਸਾਈ ਧਰਮ ਦੇ ਵਧਦੇ ਪ੍ਰਭਾਵ ਨੂੰ ਰੋਕਣ ਤੇ ਆਪਣੇ ਧਰਮ ਦੀ ਸਾਖ ਨੂੰ ਬਰਕਰਾਰ ਰੱਖਣ ਲਈ ਪੰਜਾਬੀ ਦੇ ਪਹਿਲੇ ਮੌਲਿਕ ਨਾਵਲ ਸੁੰਦਰੀ (1898 ਈ. ਵਿੱਚ) ਦੀ ਰਚਨਾ ਕੀਤੀ। ਚਾਹੇ ਇਸ ਬਾਰੇ ਵੀ ਕਾਫੀ ਮਤਭੇਦ ਹਨ। ਡਾ. ਕਿਰਪਾਲ ਸਿੰਘ ਕਸੇਲ, ਚਰਨ ਸਿੰਘ ਸ਼ਹੀਦ ਦੇ ਨਾਵਲ 'ਜੰਗ ਮੜੋਲੀ' ਨੂੰ ਪਹਿਲਾ ਨਾਵਲ ਮੰਨਦੇ ਹਨ। ਸੁਰਿੰਦਰ ਸਿੰਘ ਦੁਸਾਂਝ 'ਮਸੀਹ ਮੁਸਾਫਿਰ ਦੀ ਯਾਤਰਾ' ਨੂੰ ਪਹਿਲਾ ਨਾਵਲ ਮੰਨਦੇ ਹਨ ਪਰੰਤੂ ਈਸ਼ਰ ਸਿੰਘ ਤਾਂਘ ਦੇ ਮਤ ਨੂੰ ਹੀ ਸਵਿਕਾਰ ਕੀਤਾ ਜਾਂਦਾ ਹੈ ਕਿ ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਭਾਈ ਵੀਰ ਸਿੰਘ ਰਚਿਤ 'ਸੁੰਦਰੀ' ਸੀ।

ਇਸ ਤੋਂ ਬਾਅਦ ਭਾਈ ਵੀਰ ਸਿੰਘ ਨੇ 'ਸਤਵੰਤ ਕੌਰ', 'ਬਿਜੈ ਸਿੰਘ' ਤੇ ਬਾਬਾ ਨੌਧ ਸਿੰਘ ਨਾਵਲਾਂ ਦੀ ਰਚਨਾ ਕੀਤੀ। ਮੋਹਨ ਸਿੰਘ ਵੈਦ ਨੇ 'ਸੁਖਦੇਵ ਕੌਰ', 'ਇੱਕ ਸਿੱਖ ਘਰਾਣਾ', 'ਸ੍ਰੇਸ਼ਟ ਕੁਲਾਂ ਦੀ ਚਾਲ' ਤੇ ਸੁਖੀ ਪਰਿਵਾਰ ਨਾਵਲਾਂ ਦੀ ਰਚਨਾ ਕੀਤੀ। ਇਹਨਾਂ ਨਾਵਲਾਂ ਦਾ ਇਸਾਈ ਮਿਸ਼ਨਰੀਆਂ ਦੇ ਨਾਵਲਾਂ ਨਾਲ ਤੁਲਨਾਤਮਕ ਅਧਿਐਨ ਕਰਦਿਆਂ ਜੁਗਿੰਦਰ ਸਿੰਘ ਰਾਹੀ ਕਹਿੰਦਾ ਹੈ, ''ਜਯੋਤਿਰਦੁਯ' ਵਾਂਗ ਮੁੱਢਲੇ ਪੰਜਾਬੀ ਨਾਵਲ ਵਿੱਚ ਵੀ ਕਥਾਨਕ ਵਿਭਿੰਨ ਪ੍ਰਸੰਗਾਂ ਵਿੱਚੋਂ ਦੀ ਗੁਜਰਦੀ ਹੋਈ ਤਨਾਓ ਦੀ ਸਥਿਤੀ ਤੇ ਅੰਤ ਨੂੰ ਸਲਝਾਉ ਤੱਕ ਪਹੁਚਾਉਣ ਦੀ ਜੁਗਤ ਦਾ ਸੂਚਕ ਹੈ ਪਰੰਤੂ ਜਿਥੇ ਜਯੋਤਿਰਦੁਯ ਦੇ ਵਿਭਿੰਨ ਪ੍ਰਸੰਗ ਮੁੱਖ ਰੂਪ ਵਿੱਚ ਸਾਂਸਕ੍ਰਿਤਕ ਜ਼ਿੰਦਗੀ ਦੇ ਵੇਰਵਿਆਂ ਤੇ ਸਮੱਸਿਆਵਾਂ ਨਾਲ ਸੰਬੰਧਿਤ ਹਨ, ਭਾਈ ਵੀਰ ਸਿੰਘ ਤੇ ਉਸਦੇ ਸਾਥੀ ਨਾਵਲਕਾਰਾਂ ਦੇ ਨਾਵਲਾਂ ਵਿੱਚ ਇਹ ਯਥਾਰਥ ਅਨੁਭਵ ਵਿੱਚ ਊਣੇ ਅਤੇ ਅਕਸਰ ਰੁਮਾਂਟਿਕ ਜਾਸੂਸੀ ਰੰਗਤ ਵਾਲੇ ਹਨ।''[5] ਇਸ ਤੱਥ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਭਾਈ ਵੀਰ ਸਿੰਘ ਤੇ ਮੋਹਨ ਸਿੰਘ ਵੈਦ ਦੇ ਨਾਵਲਾਂ ਵਿੱਚ ਉਹੀ ਤੱਤ ਭਾਰੂ ਸਨ, ਜਿਹੜੇ ਇਸਤੋਂ ਪਹਿਲਾਂ ਦੇ ਇਸਾਈ ਮਿਸ਼ਨਰੀਆਂ ਦੇ ਨਾਵਲਾਂ ਵਿੱਚ ਭਾਰੂ ਸਨ। ਭਾਈ ਵੀਰ ਸਿੰਘ ਤੇ ਉਹਨਾਂ ਦੇ ਸਾਥੀ ਨਾਵਲਕਾਰਾਂ ਦੀ ਨਾਵਲ ਵਿੱਚ ਮਹੱਤਤਾ ਨੂੰ ਅਸੀਂ ਇਤਿਹਾਸਕ ਪ੍ਰਸੰਗ ਵਿੱਚ ਪਰਖ ਸਕਦੇ ਹਾਂ। ਉਹਨਾਂ ਦੀ ਮਹੱਤਤਾ ਨਾਵਲ ਦੇ ਮੁੱਢਲੇ ਸਮੇਂ ਦੀ ਰਚਨਾਤਮਕ ਮਹੱਤਤਾ ਵਿੱਚ ਹੈ। ਇਸ ਗੱਲ ਨੂੰ ਸਮਝਣ ਲਈ ਸਾਨੂੰ ਭਾਈ ਵੀਰ ਸਿੰਘ ਤੋਂ ਪਹਿਲਾਂ ਦੇ ਦੋ ਨਾਵਲਾਂ 'ਯਸੂਈ ਮੁਸਾਫਿਰ ਦੀ ਯਾਤਰਾ' ਅਤੇ 'ਜਯੋਤਿਰਦੁਯ' ਦੇ ਰਚਨਾਤਮਕ ਸੰਗਠਨ ਵੱਲ ਧਿਆਨ ਦੇਣਾ ਪਵੇਗਾ। ਇਹਨਾਂ ਨਾਵਲਾਂ ਵਿੱਚ ਭਾਰਤੀ ਸੰਸਕ੍ਰਿਤੀ ਨੂੰ ਨੀਵਾਂ ਵਿਖਾ ਕੇ ਇਸਦਾ ਹੱਲ ਈਸਾਈਅਤ ਤੇ ਪੱਛਮੀ ਗਿਆਨ ਵਿੱਚ ਦੱਸਿਆ ਗਿਆ ਹੈ। ਜਿਥੇ ਇਹ ਨਾਵਲ ਸਾਨੂੰ ਆਪਣੀ ਸੰਸਕ੍ਰਿਤੀ ਤੋਂ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਨ ਉਥੇ ਭਾਈ ਵੀਰ ਸਿੰਘ ਸਿੱਖ ਧਰਮ, ਸਿੱਖ ਇਤਿਹਾਸ ਤੇ ਸਿੱਖ ਵਿਚਾਰਧਾਰਾ ਦਾ ਪ੍ਰਚਾਰ ਕਰਦੇ ਹਨ। ਉਸ ਵੇਲੇ ਦੇ ਹੋਰ ਨਾਵਲਕਾਰਾਂ ਨੇ ਜੋ ਨਾਵਲ ਲਿਖੇ ਉਹਨਾਂ ਵਿੱਚ ਭਾਰਤੀ ਸੰਸਕ੍ਰਿਤੀ ਦਾ ਪ੍ਰਚਾਰ ਸੀ। ਰੂਪ ਵਿਧਾ ਦੀ ਦ੍ਰਿਸ਼ਟੀ ਤੋਂ ਚਾਹੇ ਇਹ ਨਾਵਲ ਉਚ ਪਾਏ ਦੀ ਰਚਨਾ ਨਾ ਰਹੇ ਹੋਣ ਪਰ ਇਤਿਹਾਸਕ ਪ੍ਰਸੰਗ ਵਿੱਚ ਇਹਨਾਂ ਦਾ ਆਪਣਾ ਬਹੁਤ ਅਹਿਮ ਸਥਾਨ ਹੈ। ਇਹਨਾਂ ਨਾਵਲਾਂ ਵਿੱਚ ਉਹੀ ਪਹਿਲਾਂ ਵਾਲੀ ਤਨਾਓ ਤੋਂ ਸੁਲਝਾਓ ਵੱਲ ਜਾਣ ਦੀ ਜੁਗਤ ਨੂੰ ਹੀ ਅਪਣਾਇਆ ਗਿਆ। ''ਬਿਰਤਾਂਤਕ ਖਾਕੇ ਦੀ ਪੱਧਰ ਉਤੇ ਸਾਰੇ ਮੁੱਢਲੇ ਨਾਵਲਕਾਰ ਜਯੋਤਿਰਦੁਯ ਵਾਲੀ ਹੀ ਤਨਾਓ ਤੋਂ ਸੁਲਝਾਓ ਵੱਲ ਜਾਣ ਵਾਲੀ ਧਾਰਮਿਕ ਰੁਮਾਨੀ-ਜੁਗਤ ਅਪਣਾਉਂਦੇ ਹਨ ਪਰ ਰਾਜ ਪੱਖੀ ਚਿੰਨਾਂ ਦਾ ਵਿਰੋਧ ਉਹਨਾਂ ਦੀਆਂ ਰਚਨਾਵਾਂ ਨੂੰ ਜਯੋਤਿਰਦੁਯ ਨਾਲੋਂ ਧਾਰ ਦੇ ਦਿੰਦਾ ਹੈ। ਇਹ ਇਸ ਧਾਰ ਕਰਕੇ ਹੀ ਹੈ ਕਿ ਭਾਈ ਵੀਰ ਸਿੰਘ ਤੇ ਮੋਹਨ ਸਿੰਘ ਵੈਦ ਵਰਗੇ ਨਾਵਲਕਾਰਾਂ ਦੀ ਰਚਨਾ 'ਜਯੋਤਿਰਦੁਯ' ਨਾਲੋਂ ਘੱਟ ਯਥਾਰਥਵਾਦੀ ਹੋਣ ਦੇ ਬਾਵਜੂਦ ਪੰਜਾਬੀ ਗਲਪ ਦੀ ਪਰੰਪਰਾ ਵਿੱਚ ਉਚੇਰੇ ਮਹੱਤਵ ਵਾਲੀ ਚੀਜ ਬਣ ਜਾਂਦੀ ਹੈ।''[6]

ਇਸ ਦੌਰ ਵਿੱਚ ਭਾਈ ਵੀਰ ਸਿੰਘ ਤੇ ਮੋਹਨ ਸਿੰਘ ਵੈਦ ਤੋਂ ਇਲਾਵਾ ਚਰਨ ਸਿੰਘ ਸ਼ਹੀਦ (ਦਲੇਰ ਕੌਰ, ਰਣਜੀਤ ਕੌਰ, ਚੰਚਲ ਮੂਰਤੀ), ਮਾਸਟਰ ਤਾਰਾ ਸਿੰਘ ਦੁਆਰਾ ਪ੍ਰੇਮ ਲਗਨ ਤੇ 'ਬਾਬਾ ਤੇਗਾ ਸਿੰਘ', ਜੋਸ਼ੁਆ ਫਜਲਦੀਨ ਦੁਆਰਾ ਪ੍ਰਭਾ ਤੇ ਗੁਰਬਖਸ਼ ਸਿੰਘ ਦੁਆਰਾ 'ਅਣਵਿਆਹੀਆਂ' ਨਾਵਲ ਦੀ ਵੀ ਰਚਨਾ ਹੋਈ ਪਰੰਤੂ ਆਦਰਸ਼ਵਾਦੀ ਸੁਧਾਰਵਾਦੀ ਨਾਵਲਾਂ ਦੀ ਸਹੀ ਮਾਇਨੇ ਵਿੱਚ ਸ਼ੁਰੂਆਤ ਨਾਨਕ ਸਿੰਘ ਦੇ ਨਾਵਲਾਂ ਤੋਂ ਹੁੰਦੀ ਹੈ। ਇਸ ਪ੍ਰਵਿਰਤੀ ਅਨੁਸਾਰ ਸਮਾਜ ਵਿਚਲੀ ਉਥਲ-ਪੁਥਲ ਦਾ ਕਾਰਣ ਮਨੁੱਖ ਦਾ ਆਪਣੀ ਸੰਸਕ੍ਰਿਤੀ ਤੇ ਮੁੱਲਾਂ ਤੋਂ ਨਾਤਾ ਤੋੜਨਾ ਹੈ। ਇਸ ਪ੍ਰਵਿਰਤੀ ਰਾਹੀਂ ਸਮਾਜ ਸੁਧਾਰ ਲਈ ਮੁੜ ਤੋਂ ਆਪਣੇ ਸੰਸਕ੍ਰਿਤਕ ਮੁੱਲਾਂ ਨਾਲ ਜੁੜਨਾ ਜ਼ਰੂਰੀ ਹੈ।

ਨਾਨਕ ਸਿੰਘ ਨੇ ਆਪਣੇ ਨਾਵਲਾਂ ਵਿੱਚ ਸ਼ਹਿਰੀ ਹੇਠਲੀ ਮੱਧ ਸ਼੍ਰੇਣੀ ਦੇ ਦੁੱਖਾਂ-ਸੁੱਖਾਂ ਨੂੰ ਯਥਾਰਥਕ ਬਿਆਨ ਦਿੱਤਾ। ਉਸਨੇ ਆਪਣੇ ਨਾਵਲਾਂ 'ਟੁੱਟੀ ਵੀਣਾ', 'ਗੰਗਾਜਲੀ ਵਿੱਚ ਸ਼ਰਾਬ', 'ਅਧ ਖਿੜਿਆ ਫੁੱਲ' ਵਿੱਚ ਵੇਸਵਾ ਗਮਨ ਦੀ ਪ੍ਰਵਿਰਤੀ ਦਾ ਬਖਾਨ ਕੀਤਾ। ਇਹ ਨਾਵਲ ਸਾਡੇ ਸਮਾਜ ਵਿੱਚ ਔਰਤ ਤੇ ਹੁੰਦੇ ਜ਼ੁਲਮ ਦੀ ਵੀ ਤਸਵੀਰ ਪੇਸ਼ ਕਰਦੇ ਹਨ। ਉਸਨੇ ਹੋਰ ਸਮਾਜਿਕ ਵਿਸ਼ੇ ਲੈਂਦੇ ਹੋਏ ਆਪਣੇ ਨਾਵਲਾਂ 'ਜੀਵਨ ਸੰਗਰਾਮ', 'ਸੰਗਮ' ਅਤੇ 'ਪੁਜਾਰੀ' ਵਿੱਚ ਸ਼ਰਾਬ ਵਰਗੀ ਲਾਅਨਤ ਨੂੰ ਪੇਸ਼ ਕੀਤਾ। ਨਾਨਕ ਸਿੰਘ ਨੇ ਆਪਣੇ ਸਹਿਜ ਅਨੁਭਵ ਵਿੱਚ ਯਥਾਰਥ ਦਾ ਪ੍ਰਤੀਪਾਦਨ ਕੀਤਾ। ਨਾਨਕ ਸਿੰਘ ਦਾ ਬਿਰਤਾਂਤਕ ਗਲਪ ਸੰਗਠਨ ਇੱਕ ਤਰਾਂ ਨਾਲ ਮਨ ਇੱਛਤ ਗਲਪੀ ਜੁਗਤਾਂ ਉਪਰ ਕੇਂਦਰਿਤ ਹੈ। ਨਾਇਕ-ਨਾਇਕਾ ਹਾਰ ਕੇ ਵੀ ਹਾਰਦੇ ਪ੍ਰਤੀਤ ਨਹੀਂ ਹੁੰਦੇ। ਬਿਰਤਾਂਤ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਆਦਰਸ਼ ਦਾ ਪ੍ਰਤੀਪਾਦਨ, ਜੁਝਾਰੂ ਨਾਇਕ/ਨਾਇਕਾਵਾਂ, ਪੂਰਵ ਇੱਛਤ ਧਾਰਨਾਵਾਂ ਦੀ ਮਨ ਇੱਛਤ ਘਟਨਾਵਾਂ ਰਾਹੀਂ ਪੂਰਤੀ, ਮੌਕਾ ਮੇਲ, ਕੁਰਬਾਨੀ ਦਾ ਜਜ਼ਬਾ, ਸੰਬੋਧਨੀ ਭਾਸ਼ਾ ਸ਼ੈਲੀ, ਟੀਕਾ ਟਿਪਣੀਆਂ ਸਥਿਤੀਆਂ ਦਾ ਸਰਲੀਕਰਨ, ਪ੍ਰੇਮ ਕਹਾਣੀ ਆਦਿ ਬਿਰਤਾਂਤਕ ਜੁਗਤਾਂ ਦੀ ਵਰਤੋਂ ਕੀਤੀ ਗਈ ਹੈ।

ਪੰਜਾਬੀ ਨਾਵਲ ਵਿੱਚ ਅਗਲੀ ਪ੍ਰਵਿਰਤੀ ਪ੍ਰਗਤੀਵਾਦੀ ਨਾਵਲ ਦੀ ਸੀ ਜਿਸਦਾ ਆਰੰਭ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਤੋਂ ਹੁੰਦਾ ਹੈ। ਇਸ ਪ੍ਰਵਿਰਤੀ ਦਾ 1960 ਤੱਕ ਪੂਰਾ ਜੋਰ ਰਿਹਾ। ਇਹ ਪ੍ਰਵਿਰਤੀ ਜਮਾਤ ਰਹਿਤ ਸਮਾਜ ਦੀ ਸਿਰਜਣਾ ਤੇ ਅਧਾਰਿਤ ਸੀ। ਇਸ ਪ੍ਰਵਿਰਤੀ ਨੇ ਸਮਾਜ ਨੂੰ ਦੋ ਸ਼੍ਰੇਣੀਆਂ ਬੁਰਜੂਆ ਤੇ ਪ੍ਰੋਲੋਤਾਰੀ ਵਿੱਚ ਵੰਡ ਕੇ ਪਰਖਿਆ 'ਤੇ ਸ਼੍ਰੇਣੀ ਸੰਘਰਸ਼ ਤੇ ਜੋਰ ਦਿੱਤਾ, ਜਿਸਦਾ ਨਤੀਜਾ ਵਰਗ ਰਹਿਤ ਸਮਾਜ ਹੋਣਾ ਸੀ। ਪੰਜਾਬੀ ਨਾਵਲ ਵਿੱਚ ਸਮਾਜਵਾਦੀ ਧਾਰਾ ਦਾ ਮੋਢੀ ਜਸਵੰਤ ਸਿੰਘ ਕੰਵਲ ਨੂੰ ਮੰਨਿਆ ਜਾਂਦਾ ਹੈ। ਉਹ ਮਾਲਵੇ ਦੇ ਪੇਂਡੂ ਜੀਵਨ ਨੂੰ ਨਾਵਲਾਂ ਦਾ ਵਿਸ਼ਾ ਬਣਾਉਂਦਾ ਹੈ। ਇਸ ਵਿਸ਼ੇ ਨੂੰ ਪੇਸ਼ ਕਰਦੇ ਨਾਵਲ ਹਾਣੀ ਅਤੇ ਪੂਰਨਮਾਸ਼ੀ ਹਨ ਜਿੰਨਾਂ ਵਿੱਚ ਮਾਲਵੇ ਦੇ ਪੇਂਡੂ ਸੱਭਿਆਚਾਰ ਦੀਆਂ ਸਮੱਸਿਆਵਾਂ ਪੇਸ਼ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ 'ਰਾਤ ਬਾਕੀ ਹੈ' ਅਤੇ 'ਰੂਪ ਧਾਰਾ' ਨਾਵਲ ਵੀ ਇਸੇ ਵਿਸ਼ੇ ਨਾਲ ਸੰਬੰਧਿਤ ਹਨ। ਕੰਵਲ ਦੇ ਸਮਾਜਵਾਦੀ ਵਿਚਾਰਾਂ ਦੀ ਸਿੱਧ ਪੱਧਰੀ ਪੇਸ਼ਕਾਰੀ 'ਸਿਵਲ ਲਾਈਨਜ਼' ਨਾਵਲ ਵਿੱਚ ਹੁੰਦੀ ਹੈ। ਜਸਵੰਤ ਕੰਵਲ ਦੇ ਪਹਿਲੇ ਨਾਵਲ 'ਸੱਚ ਨੂੰ ਫਾਸੀ' ਅਤੇ 'ਪਾਲੀ' ਰੁਮਾਂਟਿਕ ਭਾਂਤ ਦੇ ਸਨ। 'ਬਰਫ ਦੀ ਅੱਗ' ਪੱਛਮੀ ਸੱਭਿਅਤਾ ਨੂੰ ਪੇਸ਼ ਕਰਦਾ ਹੈ। ਜੰਗਲ ਦੇ ਸ਼ੇਰ ਬਾਲ ਮਨੋਵਿਗਿਆਨ ਨਾਲ ਸੰਬੰਧਿਤ ਨਾਵਲ ਸੀ। ਪ੍ਰਗਤੀਵਾਦੀ ਨਾਵਲ ਮੁੱਖ ਰੂਪ ਵਿੱਚ ਮੱਧ ਵਰਗੀ ਵਿਅਕਤੀਵਾਦ ਦੁਆਲੇ ਘੁੰਮਦਾ ਹੈ। ਸੰਤ ਸਿੰਘ ਸੇਖੋਂ ਨੇ ਆਪਣੇ ਨਾਵਲ ਲਹੂ ਮਿੱਟੀ ਵਿੱਚ ਪੂੰਜੀਵਾਦੀ ਯੁੱਗ ਵਿੱਚ ਨਿਮਨ ਕਿਸਾਨੀ ਦਾ ਚਿਤਰ ਪੇਸ਼ ਕੀਤਾ ਹੈ। ਉਸਦੇ ਦੂਜੇ ਨਾਵਲ 'ਬਾਬਾ ਅਸਮਾਨ' ਵਿੱਚ ਗ਼ਦਰੀ ਬਾਬੇ 'ਹਰੀ ਸਿੰਘ ਉਸਮਾਨ' ਦੇ ਚਰਿੱਤਰ ਦੀ ਪੇਸ਼ਕਾਰੀ ਕਰਕੇ ਸਮਾਜਵਾਦੀ ਵਿਚਾਰਾਂ ਦਾ ਪ੍ਰਵਾਹ ਕੀਤਾ ਹੈ। ਗੁਰਚਰਨ ਸਿੰਘ ਦਾ ਨਾਵਲ 'ਵਗਦੀ ਸੀ ਰਾਵੀ' ਵਿੱਚ ਵੀ ਇੱਕ ਪੜੇ ਲਿਖੇ ਵਿਅਕਤੀ ਪ੍ਰੀਤ ਸਿੰਘ ਦੀ ਇਸ ਸ਼੍ਰੇਣੀ ਸਮਾਜ ਦੇ ਸੰਘਰਸ਼ ਵਿੱਚ ਦੁਖਾਂਤ ਗਾਥਾ ਨੂੰ ਪੇਸ਼ ਕੀਤਾ ਗਿਆ ਹੈ। ਇਸੇ ਸੰਦਰਭ ਵਿੱਚ ਕੇਸਰ ਸਿੰਘ ਦੇ ਨਾਵਲਾਂ ਨੂੰ ਪਰਖਿਆ ਜਾ ਸਕਦਾ ਹੈ। ਕੇਸਰ ਸਿੰਘ ਦੀ ਪਹੁੰਚ ਪ੍ਰਗਤੀਵਾਦੀ ਮਾਨਵਵਾਦੀ ਮੁੱਲਾਂ ਨੂੰ ਪ੍ਰਗਟਾਉਂਦੀ ਹੈ। 'ਜੰਗੀ ਕੈਦੀ' ਨਾਵਲ ਵਿੱਚ ਕੇਸਰ ਸਿੰਘ ਨੇ ਵਿਦੇਸ਼ਾਂ ਵਿੱਚ ਵੱਖ-ਵੱਖ ਕੌਮਾਂ ਦੇ ਲੋਕਾਂ ਵਿੱਚ ਪਨਪ ਰਹੀ ਮਨੁੱਖੀ ਆਜ਼ਾਦੀ ਦੀ ਚੇਤਨਾ ਨੂੰ ਆਧਾਰ ਬਣਾਇਆ ਹੈ। ਇਸ ਨਾਵਲ ਵਿੱਚ ਮੁੱਖ ਟੇਕ ਚਾਹੇ ਜਾਪਾਨੀਆਂ ਦੁਆਰਾ ਕੀਤੇ ਜਾ ਰਹੇ ਜ਼ੁਲਮ ਤੇ ਰੱਖੀ ਗਈ ਹੈ ਪਰੰਤੂ ਲੇਖਕ ਨੇ ਇਸ ਨਾਵਲ ਵਿੱਚ ਇਸ ਵਿਚਾਰ ਦੀ ਪੇਸ਼ਕਾਰੀ ਕੀਤੀ ਹੈ ਕਿ ਕੋਈ ਵੀ ਕੌਮ ਐਨੀ ਕਾਬਲ ਨਹੀ ਹੁੰਦੀ ਕਿ ਉਹ ਕਿਸੇ ਹੋਰ ਕੌਮ ਨੂੰ ਦਬਾ ਕੇ ਉਸ ਉਤੇ ਰਾਜ ਕਰ ਸਕੇ। ਕੇਸਰ ਸਿੰਘ ਦਾ ਇਸੇ ਤਰਾਂ ਦਾ ਇੱਕ ਹੋਰ ਨਾਵਲ 'ਲਹਿਰ ਵਧਦੀ ਗਈ' ਹੈ। ਇਸ ਨਾਵਲ ਦਾ ਕੇਂਦਰੀ ਸੂਤਰ ਵਿਦੇਸ਼ੀ ਧਰਤੀ ਤੇ ਕੀਤਾ ਗਿਆ ਸੰਘਰਸ਼ ਬਣਦਾ ਹੈ। ਨਾਵਲਕਾਰ ਨੇ ਇਸ ਨਾਵਲ ਵਿੱਚ ਸਿਰਫ ਹਿੰਦੁਸਤਾਨੀ ਸੰਘਰਸ਼ ਨੂੰ ਹੀ ਚਿਤਰਣ ਦੀ ਕੋਸ਼ਿਸ਼ ਨਹੀਂ ਕੀਤੀ ਬਲਕਿ ਉਹਨਾਂ ਸਾਰੀਆਂ ਕੌਮਾਂ ਦੇ ਸੰਘਰਸ਼ ਨੂੰ ਪੇਸ਼ ਕੀਤਾ ਹੈ ਜੋ ਸਾਮਰਾਜੀ ਹਕੂਮਤਾਂ ਦੇ ਜੂਲੇ ਹੇਠ ਪਿਸ ਰਹੀਆਂ ਸਨ। ਇਸ ਤੋਂ ਇਲਾਵਾ ਪ੍ਰਗਤੀਵਾਦੀ ਨਾਵਲਾਂ ਦੀ ਸ਼੍ਰੇਣੀ ਵਿੱਚ ਕਰਮਜੀਤ ਕੁੱਸਾ ਦਾ ਨਾਵਲ 'ਰਾਤ ਦੇ ਰਾਹੀ', ਸੁਰਿੰਦਰ ਸਿੰਘ ਨਰੂਲਾ ਦਾ 'ਦੀਨ ਦੁਨੀਆਂ' ਵੀ ਵਿਚਾਰਨਯੋਗ ਹਨ।

1960 ਤੋਂ ਬਾਅਦ ਪ੍ਰਗਤੀਵਾਦੀ ਨਾਵਲ ਦੀ ਥਾਂ ਯਥਾਰਥਵਾਦੀ ਨਾਵਲ ਨੇ ਲੈਣੀ ਸ਼ੁਰੂ ਕਰ ਦਿੱਤੀ। ਯਥਾਰਥਵਾਦੀ ਨਾਵਲ ਦਾ ਆਰੰਭ ਸੁਰਿੰਦਰ ਸਿੰਘ ਨਰੂਲਾ ਦੇ ਨਾਵਲ 'ਪਿਓ ਪੁੱਤਰ' ਤੋਂ ਹੋਇਆ ਮੰਨਿਆ ਜਾਂਦਾ ਹੈ। 'ਪਿਓ ਪੁੱਤਰ' ਨਾਵਲ ਆਦਰਸ਼ਵਾਦ, ਮੁਕਤ ਯਥਾਰਥ ਚਿਤਰਣ ਦੀ ਸੋਝੀ ਦਿੰਦਾ ਹੈ। ਸੁਰਿੰਦਰ ਸਿੰਘ ਨਰੂਲਾ ਨੇ ਆਪਣੇ ਨਾਵਲਾਂ 'ਪਿਓ ਪੁੱਤਰ' ਤੇ 'ਰੰਗ ਮਹਿਲ' ਵਿੱਚ ਨਾ ਤਾਂ ਅਸਾਧਾਰਣ ਘਟਨਾਵਾਂ ਦੀ ਚੋਣ ਕੀਤੀ ਤੇ ਨਾ ਹੀ ਘਟਨਾਵਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਸਗੋਂ ਉਸਨੇ ਆਪਣੇ ਨਾਵਲਾਂ ਵਿੱਚ ਆਮ ਜੀਵਨ ਦੀਆਂ ਛੋਟੀਆਂ-

2 ਯਥਾਰਥਕ ਘਟਨਾਵਾਂ ਦੀ ਪੇਸ਼ਕਾਰੀ ਕੀਤੀ ਹੈ। ਯਥਾਰਥਵਾਦੀ ਦ੍ਰਿਸ਼ਟੀ ਤੋਂ ਨਾਵਲ ਲਿਖਣ ਵਾਲਾ ਇੱਕ ਬਹੁਤ ਵੱਡਾ ਨਾਵਲਕਾਰ ਗੁਰਦਿਆਲ ਸਿੰਘ ਹੈ। ਉਸਨੇ ਛੋਟੀ ਕਿਰਸਾਨੀ ਦੇ ਵਿਆਹ ਸੰਬੰਧਾਂ ਦੀ ਸਮੱਸਿਆ ਨੂੰ ਸਾਂਸਕ੍ਰਿਤਕ ਸੰਦਰਭ ਵਿੱਚ ਸਿਰਜਣ ਦਾ ਯਤਨ ਕੀਤਾ। ਉਸਦੇ ਨਾਵਲ 'ਅਣਹੋਏ' ਤੇ 'ਅੱਧ ਚਾਨਣੀ ਰਾਤ' ਛੋਟੀ ਕਿਰਸਾਨੀ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕਰਦੇ ਹਨ। 'ਮੜੀ ਦਾ ਦੀਵਾ' ਛੋਟੀ ਕਿਰਸਾਨੀ ਦੀ ਤ੍ਰਾਸਦਿਕ ਸਥਿਤੀ ਦੀ ਸਿਖਰ ਹੈ। 'ਪਰਸਾ' ਨਾਵਲ ਮਾਲਵਾ ਖੇਤਰ ਦੀ ਗੋਦ ਵਿੱਚ ਪੈਦਾ ਹੋਏ ਇੱਕ ਸਿਰੜੀ ਵਿਅਕਤੀ ਦੀ ਕਹਾਣੀ ਹੈ ਜੋ ਸਮਾਜ ਦੀ ਉਥਲ-ਪੁਥਲ ਵਿਰੁੱਧ ਖਲੋਂਦਾ ਹੈ। ਇਸ ਤੋਂ ਇਲਾਵਾ ਜਸਵੰਤ ਕੰਵਲ, ਸੁਰਜੀਤ ਸੇਠੀ, ਦਲੀਪ ਕੌਰ ਟਿਵਾਣਾ, ਨਰਿੰਜਨ ਤਸਨੀਮ ਤੇ ਸੁਖਬੀਰ ਨੇ ਵੀ ਇਸ ਦ੍ਰਿਸ਼ਟੀ ਤੋਂ ਨਾਵਲਾਂ ਦੀ ਰਚਨਾ ਕੀਤੀ।

ਨਾਵਲ ਦੇ ਖੇਤਰ ਵਿੱਚ ਸਮੇਂ ਸਮੇਂ ਤੇ ਬਹੁਤ ਸਾਰੇ ਰੁਝਾਣ ਆਏ ਜਿੰਨਾਂ ਨੂੰ ਲੈ ਕੇ ਨਾਵਲਾਂ ਦੀ ਰਚਨਾ ਹੋਈ। ਮਨੋਵਿਗਿਆਨਕ ਦ੍ਰਿਸ਼ਟੀ ਨੂੰ ਪੇਸ਼ ਕਰਦੇ ਹੋਏ ਬਹੁਤ ਸਾਰੇ ਨਾਵਲਕਾਰਾਂ ਨੇ ਇਸ ਵਿਸ਼ੇ ਤੇ ਨਾਵਲਾਂ ਦੀ ਰਚਨਾ ਕੀਤੀ। ਜਿੰਨਾ ਵਿੱਚ ਮੁੱਖ ਤੌਰ ਤੇ ਗੁਰਬਖਸ਼ ਸਿੰਘ ਦਾ 'ਅਣਵਿਆਹੀ ਮਾਂ', ਜੋਸ਼ੂਆ ਫਜ਼ਲਦੀਨ ਦਾ 'ਪ੍ਰਭਾ', ਨਾਨਕ ਸਿੰਘ ਦਾ 'ਪਵਿੱਤਰ ਪਾਪੀ', ਸੁਖਬੀਰ ਦਾ 'ਰਾਤ ਦਾ ਚਿਹਰਾ', 'ਸੜਕਾਂ ਤੇ ਕਮਰੇ', ਸੁਰਜੀਤ ਸਿੰਘ ਸੇਠੀ ਦਾ 'ਇੱਕ ਖਾਲੀ ਪਿਆਲਾ', ਬਲਵੰਤ ਗਾਰਗੀ ਦਾ 'ਕੱਕਾ ਰੇਤਾ', ਅਮ੍ਰਿਤਾ ਪ੍ਰੀਤਮ ਦਾ 'ਬੰਦ ਦਰਵਾਜਾ', 'ਸਾਗਰ ਤੇ ਸਿੱਪੀਆਂ, 'ਦਿੱਲੀ ਦੀਆਂ ਗਲੀਆਂ', ਕਰਤਾਰ ਸਿੰਘ ਦੁੱਗਲ ਦਾ 'ਇੱਕ ਦਿਲ ਵਿਕਾਓ ਹੈ', ਨਰਿੰਦਰਪਾਲ ਸਿੰਘ ਦਾ 'ਟਾਪੂ' ਅਤੇ ਨਰਿੰਜਨ ਤਸਨੀਮ ਦੇ ਨਾਵਲ 'ਤ੍ਰੇੜਾਂ ਤੇ ਰੂਪ', 'ਗੁਆਚੇ ਅਰਥ' ਆਦਿ ਵਿਚਾਰਣਯੋਗ ਹਨ। ਇਸੇ ਤਰਾਂ ਹੀ ਇਤਿਹਾਸਕ ਪ੍ਰਵਿਰਤੀ ਅਧੀਨ ਨਾਨਕ ਸਿੰਘ ਦੇ ਨਾਵਲ 'ਇਕ ਮਿਆਨ ਦੋ ਤਲਵਾਰਾਂ', ਨਰਿੰਦਰਪਾਲ ਸਿੰਘ ਦੇ 'ਸੈਨਾਪਤੀ', ਖਨਿਓ ਤਿਖੀ ਵਾਲਹੁ ਨਿੱਕੀ, 'ਏਤਿ ਮਾਰਗ ਜਾਣਾ', 'ਇੱਕ ਸਰਕਾਰ-ਬਾਝੋਂ', ਹਰਨਾਮ ਦਾਸ ਸਹਿਰਾਈ ਦੇ ਸਭਰਾਓ, ਅਨੂਪ ਕੌਰ ਅਤੇ ਲੋਹਗੜ ਆਦਿ ਦੀ ਚਰਚਾ ਕੀਤੀ ਜਾ ਸਕਦੀ ਹੈ। ਪ੍ਰਯੋਗਵਾਦੀ ਪ੍ਰਵਿਰਤੀ ਅਧੀਨ ਦਵਿੰਦਰ ਸਤਿਆਰਥੀ ਨੇ 'ਘੋੜਾ ਬਾਦਸ਼ਾਹ' ਅਤੇ ਨਰਿੰਦਰਪਾਲ ਸਿੰਘ ਨੇ 'ਪੁੰਨਿਆ ਕਿ ਮੱਸਿਆ' ਦੀ ਰਚਨਾ ਕੀਤੀ। ਚੇਤਨਾ ਪ੍ਰਵਾਹ ਦੀ ਪ੍ਰਵਿਰਤੀ ਅਧੀਨ ਸੁਰਜੀਤ ਸਿੰਘ ਸੇਠੀ ਨੇ 'ਇੱਕ ਖਾਲੀ ਪਿਆਲਾ', ਕੱਲ ਵੀ ਸੂਰਜ ਨਹੀਂ ਚੜੇਗਾ', ਜਗਜੀਤ ਬਰਾੜ ਨੇ 'ਧੁੱਪ ਦਰਿਆ ਦੀ ਦੋਸਤੀ' ਅਤੇ ਨਰਿੰਜਨ ਤਸਨੀਮ ਨੇ 'ਤ੍ਰੇੜਾਂ ਤੇ ਰੂਪ' ਅਤੇ 'ਰੇਤ ਛਲ' ਨਾਵਲਾਂ ਦੀ ਰਚਨਾ ਕੀਤੀ। ਸੁਹਜਾਤਮਕ ਪ੍ਰਵਿਰਤੀ ਅਧੀਨ ਕਰਤਾਰ ਸਿੰਘ ਦੁੱਗਲ ਨੇ 'ਦਿਲ ਦਰਿਆ', 'ਇੱਕ ਦਿਲ ਵਿਕਾਓ ਹੈ', ਮੋਹਨ ਕਾਹਲੋ ਨੇ 'ਪਰਦੇਸੀ ਰੁੱਖ' ਦੀ ਰਚਨਾ ਕੀਤੀ। ਆਂਚਲਿਕ ਨਾਵਲ ਦੀ ਪ੍ਰਵਿਰਤੀ ਅਧੀਨ ਗੁਰਦਿਆਲ ਸਿੰਘ ਨੇ 'ਮੜੀ ਦਾ ਦੀਵਾ', ਮੋਹਨ ਕਾਹਲੋ ਨੇ 'ਬੇੜੀ ਤੇ ਬਰੇਤਾ', ਰਾਮ ਸਰੂਪ ਅਣਖੀ ਨੇ 'ਕੋਠੇ ਖੜਕ ਸਿੰਘ' ਅਤੇ ਸੋਹਣ ਸਿੰਘ ਸ਼ੀਤਲ ਨੇ 'ਤੂਤਾਂ ਵਾਲਾ ਖੂਹ' ਨਾਵਲਾਂ ਦੀ ਰਚਨਾ ਕੀਤੀ। ਪੰਜਾਬੀ ਨਾਵਲ ਵਿੱਚ ਇਸਤਰੀ ਲੇਖਕਾਵਾਂ ਨੇ ਵੀ ਬਹੁਤ ਅਹਿਮ ਰੋਲ ਅਦਾ ਕੀਤਾ। ਅਮ੍ਰਿਤਾ ਪ੍ਰੀਤਮ ਨੇ ਆਪਣੇ ਨਾਵਲਾਂ ਵਿੱਚ ਇਸਤਰੀਆਂ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ। 'ਜੈ ਸਿਰੀ', 'ਡਾਕਟਰ ਦੇਵ', 'ਪਿੰਜਰ', 'ਆਲਣਾ', 'ਚੱਕ ਨੰਬਰ ਛੱਤੀ', 'ਇੱਕ ਸੀ ਅਨੀਤਾ' ਅਤੇ 'ਦਿੱਲੀ ਦੀਆਂ ਗਲੀਆਂ' ਉਸ ਦੇ ਇਸੇ ਭਾਂਤ ਦੇ ਨਾਵਲ ਹਨ। ਦਲੀਪ ਕੌਰ ਟਿਵਾਣਾ ਨੇ 'ਅਗਨੀ ਪਰੀਖਿਆ', 'ਤੀਲੀ ਦਾ ਨਿਸ਼ਾਨ', 'ਪੈੜਚਾਲ', 'ਰਿਣ ਪਿਤਰਾਂ ਦਾ', 'ਲੰਘ ਗਏ ਦਰਿਆ', 'ਕਥਾ ਕੁਕਨਸ ਦੀ ਅਤੇ 'ਕਥਾ ਕਹੇ ਉਰਵਸ਼ੀ ਆਦਿ ਪ੍ਰਮੁਖ ਨਾਵਲ ਰਚੇ। ਅਜੀਤ ਕੌਰ ਨੇ 'ਪੋਸਟ ਮਾਰਟਮ' ਅਤੇ 'ਫਾਲਤੂ ਔਰਤ' ਨਾਵਲਾਂ ਦੀ ਰਚਨਾ ਕੀਤੀ। ਇਹਨਾਂ ਨਾਵਲਕਾਰਾਂ ਦੁਆਰਾ ਲਿਖੇ ਨਾਵਲ ਨਾਰੀਵਾਦੀ ਦ੍ਰਿਸ਼ਟੀ ਦੇ ਵਾਹਕ ਸਨ। ਚਾਹੇ ਬਹੁਤ ਸਾਰੇ ਨਾਵਲਕਾਰਾਂ ਨੇ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਆਪਣੇ ਨਾਵਲਾਂ ਵਿੱਚ ਪੇਸ਼ ਕੀਤਾ ਪਰੰਤੂ ਇਸਤਰੀ ਲੇਖਕਾਵਾਂ ਦੁਆਰਾ ਔਰਤ ਦੀ ਸਥਿਤੀ ਦੀ ਪੇਸ਼ਕਾਰੀ ਵਿਚਾਰਨਯੋਗ ਹਸਤਾਖਰ ਹੈ।

ਇਸ ਤੋਂ ਇਲਾਵਾ ਬਲਦੇਵ ਸਿੰਘ ਦਾ ਨਾਵਲ 'ਅੰਨਦਾਤਾ' ਪੰਜਾਬੀ ਕਿਰਸਾਨੀ ਦੇ ਸੰਕਟ ਅਤੇ 'ਲਾਲ ਬੱਤੀ' ਵੇਸਵਾ ਗਮਨ ਦੀ ਪ੍ਰਵਿਰਤੀ ਨੂੰ ਪੇਸ਼ ਕਰਦਾ ਹੈ। ਮਿਤਰ ਸੈਨ ਮੀਤ ਦੇ ਨਾਵਲ 'ਸੁਧਾਰ ਘਰ', 'ਕਟਿਹਰਾ' ਅਤੇ 'ਤਫਤੀਸ਼' ਭਾਰਤੀ ਕਾਨੂੰਨ ਪ੍ਰਬੰਧ ਅਤੇ ਸਮਾਜਿਕ ਬੁਰਾਈਆਂ ਦੀ ਪੇਸ਼ਕਾਰੀ ਕਰਦੇ ਹਨ।

ਨਾਵਲ ਨੇ ਆਪਣੇ ਆਰੰਭ ਤੋਂ ਲੈ ਕੇ ਅਜੋਕੇ ਸਮੇਂ ਤੱਕ ਹਰ ਇੱਕ ਵਿਸ਼ੇ ਨੂੰ ਆਪਣੇ ਕਲਾਵੇ ਵਿੱਚ ਭਰਨ ਦੀ ਕੋਸ਼ਿਸ ਕੀਤੀ। ਇਹ ਸਮੇਂ-ਸਮੇਂ ਤੇ ਸਮਾਜ ਵਿੱਚ ਚਲਦੀ ਵਿਚਾਰਧਾਰਾ ਨਾਲ ਵੀ ਜੁੜਿਆ ਰਿਹਾ ਹੈ ਉਸ ਸਮੇਂ ਹੀ ਇਸ ਵਿੱਚ ਨਿਰੰਤਰ ਗਤੀਸ਼ੀਲਤਾ ਵੀ ਜਾਰੀ ਰਹੀ। ਪੰਜਾਬੀ ਨਾਵਲ ਦੀ ਇਹ ਵਿਸ਼ੇਸਤਾ ਰਹੀ ਕਿ ਕਿਸੇ ਵੀ ਸਮੇਂ ਇਸ ਤੇ ਸਮਾਜ ਦੀ ਕੋਈ ਇੱਕ ਸੁਰ ਭਾਰੂ ਨਾ ਰਹੀ ਸਗੋਂ ਜਿਥੇ ਇੱਕ ਪਾਸੇ ਪੇਂਡੂ ਪੰਜਾਬ ਸੱਭਿਆਚਾਰ ਤੇ ਕਿਰਸਾਨੀ ਦੇ ਸੰਕਟ ਦਾ ਅਧਿਐਨ ਕਰਨ ਵਾਲਾ ਨਾਵਲ ਹੋਂਦ ਵਿੱਚ ਆਇਆ ਉਥੇ ਹੀ ਆਧੁਨਿਕ ਚੇਤਨਾ ਅਤੇ ਸੰਵੇਦਨਾ, ਸ਼ਹਿਰੀ ਮੱਧ ਵਰਗੀ ਸ਼੍ਰੇਣੀ ਦੀਆਂ ਸਮੱਸਿਆਵਾਂ ਤੇ ਮਨੋਵਿਗਿਆਨਕ ਉਲਝਨਾਂ ਨਾਲ ਸਰੋਕਾਰ ਜੋੜਨ ਵਾਲਾ ਨਾਵਲ ਵੀ ਰਚਿਆ ਗਿਆ। ਨਾਵਲ ਨੇ ਆਪਣੇ ਕਲਾਵੇ ਵਿੱਚ ਨਾਰੀ ਚੇਤਨਾ, ਪ੍ਰਵਾਸੀ ਜੀਵਨ ਅਨੁਭਵ, ਆਚਲਿਕਤਾ, ਇਤਿਹਾਸਕਤਾ ਸਾਰੇ ਹੀ ਰੰਗ ਭਰੇ। ਪੰਜਾਬੀ ਨਾਵਲਕਾਰਾਂ ਨੇ ਬ੍ਰਿਤਾਂਤ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਇਤਿਹਾਸ ਤੋਂ ਵਰਤਮਾਨ ਤੱਕ ਦੀਆਂ ਕਥਾਨਕ ਰੂੜੀਆਂ ਲੈ ਕੇ ਜੋ ਗਲਪ ਸੰਗਠਨ ਉਸਾਰਿਆ, ਉਹ ਨਿਰਸੰਦੇਹ ਪੰਜਾਬੀ ਨਾਵਲ ਦੀ ਵਿਸ਼ੇਸ਼ ਪ੍ਰਾਪਤੀ ਹੈ।

## References


1. ਗਲਪ ਦੀ ਵਾਸਤਵਿਕਤਾ, ਚਰਚਾ ਅੰਕ-35, ਪੰਨਾ 7
2. ਜੁਗਿੰਦਰ ਸਿੰਘ ਰਾਹੀ, ਸਮਾਂ ਤੇ ਸੰਵਾਦ, ਪੰਨਾ 7
3. ਸੁਰਿੰਦਰ ਕੁਮਾਰ ਦਵੇਸ਼ਵਰ, ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ (ਆਦਿਕਾ)
4. ਜੁਗਿੰਦਰ ਸਿੰਘ ਰਾਹੀ, ਮਸਲੇ ਗਲਪ ਦੇ, ਪੰਨਾ 47
5. ਜੁਗਿੰਦਰ ਸਿੰਘ ਰਾਹੀ, ਸਮਾਂ ਤੇ ਸੰਵਾਦ, ਪੰਨਾ 60
6. ਜੁਗਿੰਦਰ ਸਿੰਘ ਰਾਹੀ, ਮਸਲੇ ਗਲਪ ਦੇ, ਪੰਨਾ 44